ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਈ ਕਾਨੂੰਨੀ ਜਾਣਕਾਰੀ

**Legal Information for Battered Women**

# ਤੁਹਾਡੇ ਬਚਾਅ ਵਾਸਤੇ ਕਚਹਿਰੀਆਂ ਦੇ ਹੁਕਮਨਾਮੇ (ਕੋਰਟ ਆਰਡਰ)

**4. Court Orders to Protect You**

## ਇਹ ਕਿਹਦੇ ਲਈ ਹੈ

ਇਹ ਜਾਣਕਾਰੀ ਪੇਪਰ ਉਨ੍ਹਾਂ ਔਰਤਾਂ ਵਾਸਤੇ ਹੈ ਜਿਨ੍ਹਾਂ ਨੂੰ ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਦਾ ਡਰ ਹੈ ਕਿਉਂਕਿ ਤੁਹਾਡੇ ਪਤੀ ਜਾਂ ਸਾਥੀ ਨੇ ਤੁਹਾਨੂੰ ਕੁੱਟਿਆ ਮਾਰਿਆ ਹੈ ਜਾਂ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਮਾਰਨ ਦੀ ਧਮਕੀ ਦਿੱਤੀ ਹੈ ਜਾਂ ਤੁਹਾਡੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਣ ਦੀ ਧਮਕੀ ਦਿੱਤੀ ਹੈ।

## ਤੁਸੀਂ ਕੀ ਕਰ ਸਕਦੇ ਹੋ

■ ਜੇ ਤੁਸੀਂ ਅਤੇ/ਜਾਂ ਤੁਹਾਡੇ ਬੱਚੇ ਤੁਹਾਡੇ ਪਤੀ ਜਾਂ ਸਾਥੀ ਵਲੋਂ ਕੁੱਟ ਮਾਰ ਜਾਂ ਦੁਰਵਿਹਾਰ ਦਾ ਸ਼ਿਕਾਰ ਹੋ ਤਾਂ ਤੁਹਾਨੂੰ ਆਪਣੇ ਬਚਾਅ ਦਾ ਅਧਿਕਾਰ ਹੈ। ਤੁਸੀਂ ਆਪਣੇ ਸਾਥੀ ਜਾਂ ਪਤੀ ਨੂੰ ਆਪਣੇ ਅਤੇ ਬੱਚਿਆਂ ਤੋਂ ਦੂਰ ਰੱਖਣ ਵਾਸਤੇ ਕਚਹਿਰੀ ਕੋਲ ਹੁਕਮ ਲਈ ਅਰਜੀ ਕਰ ਸਕਦੇ ਹੋ ਜਿਵੇਂ ਕਿ ਪਾਬੰਦੀ ਹੁਕਮ (ਰਿਸਟ੍ਰੇਨਿੰਗ ਆਰਡਰ) ਜਾਂ ਸ਼ਾਂਤੀ ਦਾ ਇਕਰਾਰਨਾਮਾ (ਪੀਸ ਬਾਂਡ), ਜਾਂ ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ ਆਰਡਰ)।

■ ਇਨ੍ਹਾਂ ਵਿਚੋਂ ਕਿਸੇ ਵੀ ਕਚਹਿਰੀ ਦੇ ਹੁਕਮ (ਕੋਰਟ ਆਰਡਰ) ਵਾਸਤੇ ਤੁਹਾਨੂੰ ਇਹ ਸਾਬਤ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਤੁਹਾਡੇ ਪਤੀ ਜਾਂ ਸਾਥੀ ਨੇ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਜਿਸਮਾਨੀ ਤੌਰ ਤੇ ਮਾਰਿਆ ਹੈ। ਤੁਹਾਨੂੰ ਸਿਰਫ ਇਹ ਦਰਸਾਉਣ ਦੀ ਲੋੜ ਹੈ ਕਿ ਤੁਸੀਂ ਵਾਜਬ ਵਜਾ ਕਰਕੇ ਡਰਦੇ ਹੋ ਕਿ ਉਹ ਤੁਹਾਨੂੰ, ਤੁਹਾਡੇ ਬੱਚਿਆਂ ਨੂੰ ਜਾਂ ਤੁਹਾਡੀ ਜਾਇਦਾਦ ਨੂੰ ਨੁਕਸਾਨ ਪਹੁੰਚਾ ਸਕਦਾ/ਸਕਦੀ ਹੈ।

■ ਕਚਹਿਰੀ ਦੇ ਹੁਕਮਾਂ ਦੀਆਂ ਵੀ ਕੁਝ ਸੀਮਤ ਹੱਦਾਂ ਹੁੰਦੀਆਂ ਹਨ। ਤੁਹਾਨੂੰ ਆਪਣੀ ਜਾਤੀ ਸੁਰੱਖਿਅਤਾ ਬਾਰੇ ਕੁਝ ਖੁਦ ਵੀ ਇੰਤਜ਼ਾਮ ਕਰਨਾ ਪਵੇਗਾ। ਇਸ ਬਾਰੇ ਟਰਾਂਜ਼ੀਸ਼ਨ ਹਾਊਸ ਦੇ ਕਰਮਚਾਰੀਆਂ (ਸਟਾਫ) ਜਾਂ ਵਿਕਟਿਮ ਸੁਪੋਰਟ ਵਰਕਰ ਨਾਲ ਗੱਲਬਾਤ ਕਰੋ। (ਦੇਖੋ ਸਫਾ 2 ਉੱਪਰ, “ਕੌਣ ਮਦਦ ਕਰ ਸਕਦਾ ਹੈ”)

## ਪਾਬੰਦੀ ਹੁਕਮ (ਰਿਸਟ੍ਰੇਨਿੰਗ ਆਰਡਰ) ਕੀ ਹੁੰਦਾ ਹੈ?

■ ਪਾਬੰਦੀ ਹੁਕਮ ਇਕ ਉਹ ਪੇਪਰ ਹੁੰਦਾ ਹੈ ਜੋ ਜੱਜ ਦੁਆਰਾ ਤਿਆਰ ਕੀਤਾ ਜਾਂਦਾ ਹੈ। ਇਹ ਕਹਿ ਸਕਦਾ ਹੈ ਕਿ ਤੁਹਾਡੇ ਪਤੀ ਜਾਂ ਤੁਹਾਡੇ ਸਾਥੀ ਨੂੰ ਉਸ ਥਾਂ ਤੋਂ ਦੂਰ ਰਹਿਣਾ ਪਵੇਗਾ ਜਿੱਥੇ ਤੁਸੀਂ ਜਾਂ ਤੁਹਾਡੇ ਬੱਚੇ ਰਹਿੰਦੇ ਹਨ ਅਤੇ ਜਿੱਥੇ ਤੁਸੀਂ ਕੰਮ ਕਰਦੇ ਹੋ ਅਤੇ ਜਿੱਥੇ ਬੱਚੇ ਸਕੂਲ ਜਾਂਦੇ ਹੋਣ। ਜੱਜ ਇਸ ਗੱਲ ਦਾ ਵੀ ਹੁਕਮ ਦੇ ਸਕਦਾ ਹੈ ਕਿ ਉਹ ਤੁਹਾਡੇ ਨਾਲ ਫੋਨ ਜਾਂ ਡਾਕ ਰਾਹੀਂ ਜਾਂ ਕਿਸੇ ਹੋਰ ਵਿਅਕਤੀ ਰਾਹੀਂ ਕੋਈ ਤਾਲ ਮੇਲ ਨਾ ਕਰੇ।

■ ਪਾਬੰਦੀ ਹੁਕਮ ਕੋਈ ਜ਼ੁਰਮ ਦਾ ਮੁਕੱਦਮਾ (ਕਰਿਮੀਨਲ ਚਾਰਜ) ਨਹੀਂ ਹੁੰਦਾ। ਪਰ, ਜੇ ਤੁਹਾਡਾ ਸਾਥੀ ਪਾਬੰਦੀ ਹੁਕਮ (ਰਿਸਟ੍ਰੇਨਿੰਗ ਆਰਡਰ) ਦੀ ਉਲੰਘਣਾ ਕਰੇ ਤਾਂ ਪੁਲੀਸ ਉਸਨੂੰ ਹਿਰਾਸਤ ਵਿਚ ਲੈ ਸਕਦੀ ਹੈ ਅਤੇ ਉਸ ਨੂੰ ਜ਼ੁਰਮ ਕਰਨ ਕਾਰਨ ਚਾਰਜ ਕਰ ਸਕਦੀ ਹੈ।

■ ਆਮ ਤੌਰ ਤੇ ਤੁਸੀਂ ਪਾਬੰਦੀ ਹੁਕਮ (ਰਿਸਟ੍ਰੇਨਿੰਗ ਆਰਡਰ) ਉਸ ਵਕਤ ਲੈਂਦੇ ਹੋ ਜਦੋਂ ਤੁਸੀਂ ਆਪਣੇ ਸਾਥੀ ਨਾਲ ਹੋਰ ਕਾਨੂੰਨੀ ਮਸਲੇ ਹੱਲ ਕਰ ਰਹੇ ਹੋਵੋ ਜਿਵੇਂ ਕਿ ਨਿਗਰਾਨੀ ਜਾਂ ਆਰਥਿਕ ਮਦਦ ਦਾ ਮਸਲਾ। ਪਾਬੰਦੀ ਹੁਕਮ ਹਾਸਲ ਕਰਨ ਵਾਸਤੇ ਅਕਸਰ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਉਸ ਆਦਮੀ ਨਾਲ ਵਿਆਹੇ ਹੋਏ ਹੋਵੋ, ਜਾਂ ਉਸ ਨਾਲ ਘੱਟੋ ਘੱਟ ਦੋ ਸਾਲ ਰਹਿ ਚੁੱਕੇ ਹੋਵੋ ਜਾਂ ਤੁਹਾਡੇ ਬੱਚੇ ਹੋਣ ਜਿਨ੍ਹਾਂ ਦਾ ਉਹਦੇ ਨਾਲ ਰਿਸ਼ਤਾ ਜੁੜਦਾ ਹੋਵੇ।

■ ਪਾਬੰਦੀ ਹੁਕਮ ਲੈਣ ਵਾਸਤੇ ਤੁਹਾਨੂੰ ਪਰਿਵਾਰਕ ਕਾਨੂੰਨਾਂ ਦੇ ਮਾਹਰ ਵਕੀਲ ਦੀ ਲੋੜ ਹੁੰਦੀ ਹੈ (ਦੇਖੋ ਸਫਾ 2 'ਤੇ, “ਕੌਣ ਮਦਦ ਕਰ ਸਕਦਾ ਹੈ”)। ਇਸ ਗੱਲ ਦਾ ਖਿਆਲ ਰੱਖੋ ਕਿ ਤੁਸੀਂ ਵਕੀਲ ਨੂੰ ਉਹ ਸੱਭ ਕੁਝ ਦੱਸ ਦੇਵੋ ਜੋ ਤੁਸੀਂ ਪਾਬੰਦੀ ਹੁਕਮ ਵਿਚ ਸ਼ਾਮਲ ਕਰਵਾਉਣਾ ਚਾਹੁੰਦੇ ਹੋ।

## ਸ਼ਾਂਤੀ ਦਾ ਇਕਰਾਰਨਾਮਾ (ਪੀਸ ਬਾਂਡ) ਕੀ ਹੁੰਦਾ ਹੈ?

■ ਪੀਸ ਬਾਂਡ ਕਚਹਿਰੀ ਦਾ ਉਹ ਹੁਕਮ ਨਾਮਾ (ਕੋਰਡ ਆਰਡਰ) ਹੁੰਦਾ ਹੈ ਜਿਹੜਾ ਇਹ ਕਹਿੰਦਾ ਹੈ ਕਿ ਤੁਹਾਡੇ ਪਤੀ, ਸਾਥੀ ਜਾਂ ਪਹਿਲੇ-ਸਾਥੀ (ਐਕਸ-ਪਾਰਟਨਰ) ਲਈ ਜ਼ਰੂਰੀ ਹੈ ਕਿ ਉਹ 12 ਮਹੀਨਿਆਂ ਤੱਕ ਠੀਕ ਤਰ੍ਹਾਂ ਵਿਹਾਰ ਕਰੇ ਅਤੇ ਸ਼ਾਂਤੀ ਰੱਖੇ। ਆਮ ਤੌਰ ਤੇ ਇਹ ਹੁਕਮਨਾਮਾ ਕਹਿੰਦਾ ਹੈ ਕਿ ਉਹ ਤੁਹਾਡੇ ਨਾਲ ਕੋਈ ਸਿੱਧਾ ਸੰਪਰਕ ਨਹੀਂ ਕਰ ਸਕਦਾ ਅਤੇ ਇਹ ਗੱਲ ਤੁਹਾਡੇ ਬੱਚਿਆਂ ਸੰਬੰਧੀ ਵੀ ਹੋ ਸਕਦੀ ਹੈ। ਇਸਦਾ ਮਤਲਬ ਹੈ ਕਿ ਉਹ ਉਨ੍ਹਾਂ ਥਾਵਾਂ ਤੋਂ ਪਰ੍ਹੇ ਰਹੇ ਜਿੱਥੇ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਉਹ ਤੁਹਾਨੂੰ ਫੋਨ ਜਾਂ ਡਾਕ ਰਾਹੀਂ ਸੰਪਰਕ ਨਾ ਕਰੇ ਅਤੇ ਨਾ ਹੀ ਕਿਸੇ ਹੋਰ ਨੂੰ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ ਕਹੇ।

■ ਸ਼ਾਂਤੀ ਦਾ ਇਕਰਾਰਨਾਮਾ ਕੋਈ ਜ਼ੁਰਮ ਦਾ ਮੁਕੱਦਮਾ (ਕਰਿਮੀਨਲ ਚਾਰਜ) ਨਹੀਂ ਹੁੰਦਾ। ਪਰ, ਜੇ ਤੁਹਾਡਾ ਸਾਥੀ ਸ਼ਾਂਤੀ ਦੇ ਇਕਰਾਰਨਾਮੇ ਦੀ ਉਲੰਘਣਾ ਕਰੇ ਤਾਂ ਪੁਲੀਸ ਉਸਨੂੰ ਹਿਰਾਸਤ ਵਿਚ ਲੈ ਸਕਦੀ ਹੈ ਅਤੇ ਉਸ ਨੂੰ ਜ਼ੁਰਮ ਕਰਨ ਕਾਰਨ ਚਾਰਜ ਕਰ ਸਕਦੀ ਹੈ।

■ ਸ਼ਾਂਤੀ ਦੇ ਇਕਰਾਰਨਾਮੇ ਦੀ ਅਰਜ਼ੀ ਦੇਣ ਵਾਸਤੇ ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਆਪਣੇ ਸਾਥੀ ਨਾਲ ਵਿਆਹੇ ਹੋਏ ਹੋਵੋ ਜਾਂ ਉਸ ਨਾਲ ਰਹਿ ਰਹੇ ਹੋਵੋ।

■ ਵਕੀਲ ਤੁਹਾਨੂੰ ਸ਼ਾਂਤੀ ਦਾ ਇਕਰਾਰਨਾਮਾ ਨਹੀਂ ਲੈ ਕੇ ਦੇ ਸਕਦਾ, ਪਰ ਇਹ ਚੰਗੀ ਗੱਲ ਹੋਵੇਗੀ ਜੇ ਤੁਸੀਂ ਵਿਕਟਿਮ ਸੁਪੋਰਟ ਕਾਮੇ, ਟਰਾਂਜ਼ੀਸ਼ਨ ਹਾਊਸ ਦੇ ਕਾਮੇ ਜਾਂ ਫੈਮਲੀ ਕੋਰਟ ਕਾਊਂਸਲਰ ਕੋਲੋਂ ਇਸ ਕੰਮ ਵਾਸਤੇ ਮਦਦ ਲਵੋ। ਤੁਸੀਂ ਪੁਲੀਸ ਨੂੰ ਕਹਿ ਸਕਦੇ ਹੋ ਕਿ ਤੁਸੀਂ ਸ਼ਾਂਤੀ ਦੇ ਇਕਰਾਰਨਾਮੇ ਵਾਸਤੇ ਅਰਜ਼ੀ ਦੇਣੀ ਚਾਹੁੰਦੇ ਹੋ ਜਾਂ ਤੁਸੀਂ ਸੂਬੇ ਦੀ ਕਚਹਿਰੀ (ਪਰੋਵੈਂਸ਼ੀਅਲ ਕੋਰਟ) ਨੂੰ ਜਾ ਸਕਦੇ ਹੋ। ਤੁਹਾਨੂੰ ਇਕ ਲਿਖਤੀ ਬਿਆਨ ਦੇਣਾ ਪਵੇਗਾ ਕਿ ਕੀ ਵਾਪਰਿਆ ਅਤੇ ਤੁਸੀਂ ਕਿਉਂ ਡਰ ਰਹੇ ਹੋ ਅਤੇ ਤੁਹਾਨੂੰ ਜਸਟਿਸ ਆਫ ਪੀਸ ਦੇ ਅੱਗੇ ਗਵਾਹੀ ਦੇਣੀ ਪਵੇਗੀ। ਤੁਹਾਡਾ ਪਤੀ ਜਾਂ ਸਾਥੀ ਵੀ ਕਚਹਿਰੀ ਵਿਚ ਹੀ ਹੋਵੇਗਾ/ਹੋਵੇਗੀ।

■ ਜੇ ਤੁਹਾਡੀ ਸਥਿਤੀ ਗੰਭੀਰ ਹੈ ਤਾਂ ਜਦੋਂ ਤੁਸੀਂ ਸ਼ਾਂਤੀ ਦੇ ਇਕਰਾਰਨਾਮੇ ਦੀ ਅਰਜ਼ੀ ਦੇ ਰਹੇ ਹੋਵੋ ਤਾਂ ਪੁਲੀਸ ਤੁਹਾਡੇ ਸਾਥੀ ਨੂੰ ਗ੍ਰਿਫਤਾਰ ਵੀ ਕਰ ਸਕਦੀ ਹੈ।

## ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ ਆਰਡਰ) ਕੀ ਹੁੰਦਾ ਹੈ?

■ ਜੇ ਤੁਹਾਡਾ ਪਤੀ ਜਾਂ ਸਾਥੀ ਤੁਹਾਨੂੰ ਮਾਰਨ ਕੁੱਟਣ ਕਾਰਨ ਜਾਂ ਧਮਕੀ ਦੇਣ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਜੱਜ ਉਹਨੂੰ ਰਿਹਾ ਕਰਨ ਵੇਲੇ ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ ਆਰਡਰ) ਦੀ ਸ਼ਰਤ ਲਾਗੂ ਕਰ ਸਕਦਾ ਹੈ। ਇਹ ਇਕ ਆਰਜ਼ੀ ਹੁਕਮਨਾਮਾ ਹੁੰਦਾ ਹੈ ਜਿਹੜਾ ਕਹਿੰਦਾ ਹੈ ਕਿ ਤੁਹਾਡਾ ਪਤੀ ਜਾਂ ਸਾਥੀ ਤੁਹਾਡੇ ਤੋਂ ਜਾਂ ਤੁਹਾਡੇ ਅਤੇ ਬੱਚਿਆਂ ਤੋਂ ਦੂਰ ਰਹੇਗਾ ਜਿੰਨਾ ਚਿਰ ਉਹਦੇ ਮੁਕੱਦਮੇ ਦੀ ਸੁਣਵਾਈ ਨਹੀਂ ਹੁੰਦੀ।

■ ਜਦੋਂ ਪੁਲੀਸ ਤੁਹਾਡੇ ਸਾਥੀ ਨੂੰ ਗ੍ਰਿਫ਼ਤਾਰ ਕਰੇ ਉਸ ਵੇਲੇ ਉਨ੍ਹਾਂ ਨੂੰ ਦੱਸ ਦੇਵੋ ਜੇ ਤੁਸੀਂ ਉਸ ਵੇਲੇ ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ ਆਰਡਰ) ਲਈ ਅਰਜ਼ੀ ਕਰਨੀ ਚਾਹੁੰਦੇ ਹੋ, ਜਾਂ ਕਿਸੇ ਕੋਲੋਂ ਇਸ ਸੰਬੰਧੀ ਮਦਦ ਲੈ ਲਵੋ। (ਦੇਖੋ "ਕੌਣ ਮਦਦ ਕਰ ਸਕਦਾ ਹੈ" ਦੇ ਥੱਲੇ)। ਇਸ ਬਾਰੇ ਵੀ ਸਾਫ ਗੱਲ ਕਰੋ ਜੇ ਤੁਸੀਂ ਆਪਣੇ ਬੱਚਿਆਂ ਨੂੰ ਵੀ ਉਸ ਹੁਕਮਨਾਮੇ ਵਿਚ ਸ਼ਾਮਲ ਕਰਨਾ ਚਾਹੁੰਦੇ ਹੋ ਤਾਂ।

■ ਜੇ ਤੁਹਾਡਾ ਸਾਥੀ ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ ਆਰਡਰ) ਦੀ ਉਲੰਘਣਾ ਕਰੇ ਤਾਂ ਪੁਲੀਸ ਉਸਨੂੰ ਫੇਰ ਗ੍ਰਿਫ਼ਤਾਰ ਕਰ ਸਕਦੀ ਹੈ।

## ਕਚਹਿਰੀ ਦੇ ਹੁਕਮਨਾਮੇ ਨੂੰ ਅਸਰਦਾਇਕ ਕਿਵੇਂ ਬਣਾਇਆ ਜਾਵੇ।

■ ਆਪਣੀ ਜਾਤੀ ਸੁਰੱਖਿਆ ਵਾਸਤੇ ਆਪ ਪ੍ਰਬੰਧ ਕਰੋ। ਸਿਰਫ ਕਚਹਿਰੀ ਦੇ ਹੁਕਮਨਾਮੇ ਉੱਪਰ ਹੀ ਨਿਰਭਰ ਨਾ ਕਰੋ।

■ ਕਚਹਿਰੀ ਦੇ ਹੁਕਮ ਦੀ ਇਕ ਤਸਦੀਕਸ਼ੁਦਾ (ਸਰਟੀਫਾਈਡ) ਕਾਪੀ ਪ੍ਰਾਪਤ ਕਰੋ ਅਤੇ ਹਮੇਸ਼ਾਂ ਆਪਣੇ ਕੋਲ ਰੱਖੋ।

■ ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਸੀਂ ਕਚਹਿਰੀ ਦੇ ਹੁਕਮਨਾਮੇ ਉੱਪਰ ਕੀ ਲਿਖਿਆ ਹੈ ਉਸ ਨੂੰ ਚੰਗੀ ਤਰ੍ਹਾਂ ਸਮਝਦੇ ਹੋ।

■ ਜੇ ਕਚਹਿਰੀ ਦੇ ਹੁਕਮ ਵਿਚ ਦਰਜ ਕਿਸੇ ਵੀ ਸ਼ਰਤ ਦੀ ਤੁਹਾਡਾ ਪਤੀ ਜਾਂ ਸਾਥੀ ਉਲੰਘਣਾ ਕਰਦਾ/ਕਰਦੀ ਹੈ ਤਾਂ ਉਸੇ ਪੁਲੀਸ (ਤੇ ਜੇ ਤੁਹਾਡਾ ਵਕੀਲ ਹੋਵੇ ਤਾਂ ਉਸਨੂੰ ਵੀ) ਨੂੰ ਦੱਸੋ। ਪੁਲੀਸ ਨੂੰ ਦੱਸ ਦੇਵੋ ਕਿ ਤੁਹਾਡੇ ਕੋਲ ਕਚਹਿਰੀ ਦਾ ਹੁਕਮਨਾਮਾ ਹੈ ਅਤੇ ਉਹ ਉਨ੍ਹਾਂ ਨੂੰ ਦਿਖਾ ਵੀ ਦੇਵੋ। (ਕੋਰਟ ਆਰਡਰਾਂ ਨੂੰ ਚੈੱਕ ਕਰਨ ਵਾਸਤੇ ਇਕ ਸੈਂਟਰਲ ਰਜਿਸਟਰੀ ਹੁੰਦੀ ਹੈ ਜਿੱਥੋਂ ਪੁਲੀਸ ਵਾਲੇ ਤਸਦੀਕ ਕਰ ਸਕਦੇ ਹਨ)। ਜੇ ਜਦੋਂ ਤੁਹਾਡਾ ਸਾਥੀ ਕਚਹਿਰੀ ਦੇ ਹੁਕਮ ਦੀ ਉਲੰਘਣਾ ਕਰੇ ਅਤੇ ਤੁਸੀਂ ਪੁਲੀਸ ਨੂੰ ਨਾ ਦੱਸੋ ਤਾਂ ਅਗਾਂਹ ਵੇਲੇ ਪੁਲੀਸ ਵਲੋਂ ਆਪਣੇ ਸਾਥੀ ਦੀ ਗ੍ਰਿਫਤਾਰੀ ਕਰਵਾਉਣ ਵਿਚ ਤੁਹਾਨੂੰ ਮੁਸ਼ਕਿਲ ਆ ਸਕਦੀ ਹੈ।

■ ਜੇ ਤੁਹਾਡੀ ਸਥਿਤੀ ਵਿਚ ਤਬਦੀਲੀ ਆ ਜਾਵੇ ਅਤੇ ਤੁਹਾਡੇ ਖਿਆਲ ਵਿਚ ਤੁਹਾਨੂੰ ਕੋਰਟ ਆਰਡਰ ਦੀ ਜ਼ਰੂਰਤ ਨਾ ਰਹੇ ਤਾਂ ਤੁਸੀਂ ਆਪਣੇ ਵਕੀਲ ਜਾਂ ਕਰਾਊਨ ਕਾਂਊਂਸਲ ਨੂੰ ਦੱਸ ਦੇਵੋ। ਤੁਹਾਨੂੰ ਕੋਰਟ ਆਰਡਰ ਵਿਚ ਤਬਦੀਲੀ ਵਾਸਤੇ ਕਚਹਿਰੀ ਜਾਣਾ ਪਵੇਗਾ, ਇਹ ਤੁਸੀਂ ਆਪਣੇ ਆਪ ਨਹੀਂ ਕਰ ਸਕਦੇ।

## ਕੌਣ ਮਦਦ ਕਰ ਸਕਦਾ ਹੈ

■ ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਜਾਂ ਤੁਹਾਨੂੰ ਕੋਈ ਫੌਰੀ ਖਤਰਾ ਹੈ ਤਾਂ 911 ਤੇ ਫੋਨ ਕਰੋ ਜਾਂ ਪੁਲੀਸ ਜਾਂ ਆਰ ਸੀ ਐਮ ਪੀ ਦੇ ਐਮਰਜੈਂਸੀ ਨੰਬਰਾਂ ਤੇ ਫੋਨ ਕਰੋ। ਇਹ ਨੰਬਰ ਤੁਹਾਡੀ ਫੋਨ ਕਿਤਾਬ ਦੇ ਪਹਿਲੇ ਵਰਕੇ ਦੇ ਅੰਦਰਲੇ ਪਾਸੇ ਦਿੱਤੇ ਹੁੰਦੇ ਹਨ। ਜੇ ਤੁਸੀਂ ਅੰਗ੍ਰੇਜ਼ੀ ਨਾ ਬੋਲਦੇ ਹੋਵੋ ਤਾਂ ਤੁਸੀਂ 911 ਫੋਨ ਵਾਲਿਆਂ ਤੋਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ। ਜਦੋਂ ਤੁਸੀਂ ਫੋਨ ਕਰੋ ਤਾਂ ਕਹੋ ਕਿ "ਪੁਲੀਸ" ("Police") ਅਤੇ ਨਾਲ ਹੀ ਕਹੋ "ਪੰਜਾਬੀ" ("Punjabi")। ਜਾਂ 0 ਘੁਮਾ ਕੇ ਕਹੋ "ਕਰਾਈਸਸ" ("crisis")।

■ ਸ਼ਾਂਤੀ ਦਾ ਇਕਰਾਰਨਾਮਾ (ਪੀਸ ਬਾਂਡ) ਜਾਂ ਸੰਪਰਕ ਰੋਕੂ ਹੁਕਮ (ਨੋ-ਕਾਂਟੈਕਟ) ਲੈਣ ਵਾਸਤੇ ਮਦਦ ਲੈਣ ਲਈ ਤੁਸੀਂ ਵਿਕਟਿਮ ਸੁਪੋਰਟ ਕਾਮੇ, ਟਰਾਂਜ਼ੀਸ਼ਨ ਹਾਊਸ ਦੇ ਕਾਮੇ ਜਾਂ ਫੈਮਲੀ ਕੋਰਟ ਕਾਊਂਸਲਰ ਨਾਲ ਗੱਲ ਕਰੋ। ਜਣਕਾਰੀ ਵਾਸਤੇ ਵਿਕਟਿਮ ਇਨਫਾਰਮੇਸ਼ਨ ਲਾਈਨ (Victims Information Line) ਨੂੰ 1-800-563-0808 (ਮੁਫਤ ਫੋਨ) 'ਤੇ ਫੋਨ ਕਰੋ। ਉਹ ਤੁਹਾਨੂੰ ਤੁਹਾਡੇ ਨੇੜੇ ਦੀਆਂ ਸੇਵਾਵਾਂ ਦਾ ਪਤਾ ਦੇ ਸਕਦੇ ਹਨ।

■ ਪਾਬੰਦੀ ਹੁਕਮ (ਰਿਸਟ੍ਰੇਨਿੰਗ ਆਰਡਰ) ਲੈਣ ਵਾਸਤੇ ਤੁਹਾਨੂੰ ਪਰਵਾਰਿਕ ਮਸਲਿਆਂ ਦੇ ਮਾਹਰ ਵਕੀਲ ਦੀ ਲੋੜ ਪਵੇਗੀ। ਜੇ ਤੁਸੀਂ ਵਕੀਲ ਦੇ ਪੈਸੇ ਦੇਣ ਯੋਗ ਨਹੀਂ ਤਾਂ ਲੀਗਲ ਏਡ ('ਤੇਗਾਲ ਯਦਿ) ਵਾਲਿਆਂ ਨੂੰ ਫੋਨ ਕਰੋ। ਉਹ ਤੁਹਾਨੂੰ ਕਾਨੂੰਨੀ ਜਾਣਕਾਰੀ ਦੇ ਸਕਦੇ ਹਨ ਅਤੇ ਤੁਹਾਡੀ ਸਹਾਇਤਾ ਵਾਸਤੇ ਕਿਸੇ ਵਕੀਲ ਨੂੰ ਵੀ ਪੈਸੇ ਦੇ ਸਕਦੇ ਹਨ। ਲੀਗਲ ਏਡ ਵਾਲਿਆਂ ਨੂੰ ਆਪਣੀ ਗੰਭੀਰ ਸਥਿਤੀ ਬਾਰੇ ਦੱਸਣਾ ਨਾ ਭੁੱਲੋ ਅਤੇ ਨਾਲ ਹੀ ਇਹ ਵੀ ਦੱਸ ਦੇਵੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਜਾਂ ਨਹੀਂ। ਲੀਗਲ ਏਡ ਦਾ ਫੋਨ ਭਾਲਣ ਵਾਸਤੇ ਆਪਣੀ ਫੋਨ ਕਿਤਾਬ ਦੇ ਚਿੱਟੇ ਪੰਨਿਆਂ ਵਿਚੋਂ "Legal aid — Legal Services Society" ਥੱਲੇ ਜਾਂ ਪੀਲੇ ਪੰਨਿਆਂ ਵਿਚੋਂ "Lawyers — Legal Services Society" ਥੱਲੇ ਦੇਖੋ। ਵੈਨਕੂਵਰ ਵਿਚ 601-6300 'ਤੇ ਫੋਨ ਕਰੋ। ਉਹ ਤੁਹਾਨੂੰ ਲੀਗਲ ਏਡ ਸੰਬੰਧੀ ਜਾਣਕਾਰੀ ਵਾਸਤੇ ਪੰਜਾਬੀ ਰੀਕਾਰਡਿੰਗ ਦਾ ਪਤਾ ਦੇ ਸਕਦੇ ਹਨ ਜਾਂ ਉਸ ਨਾਲ ਮਿਲਾ ਸਕਦੇ ਹਨ।

■ ਜੇ ਤੁਸੀਂ ਵਕੀਲ ਦੇ ਪੈਸੇ ਦੇ ਸਕਦੇ ਹੋ ਤਾਂ ਸਥਾਨਕ ਔਰਤਾਂ ਦੇ ਕੇਂਦਰ, ਟਰਾਂਜ਼ੀਸ਼ਨ ਹਾਊਸ, ਜਾਂ ਸੇਫ ਹਾਊਸ ਪ੍ਰੋਗਰਾਮ ਕੋਲੋਂ ਪਰਵਾਰਿਕ ਕਾਨੂੰਨਾਂ ਦੇ ਮਾਹਰ ਵਕੀਲ ਦਾ ਪਤਾ ਲਵੋ।

■ ਲਾਇਰ ਰੈਫਰਲ ਸਰਵਿਸ (Lawyer Referral Service) (ਸਿਰਫ ਅੰਗ੍ਰੇਜ਼ੀ) ਵਾਲੇ ਵੀ ਤੁਹਾਨੂੰ ਕਿਸੇ ਪਰਵਾਰਿਕ ਮਸਲਿਆਂ ਦੇ ਮਾਹਰ ਵਕੀਲ ਦਾ ਪਤਾ ਦੇ ਸਕਦੇ ਹਨ ਅਤੇ ਕਈ ਵਾਰੀ ਕਿਸੇ ਅਜਿਹੇ ਵਕੀਲ ਦਾ ਵੀ ਸੁਝਾਅ ਦੇ ਸਕਦੇ ਹਨ ਜੋ ਪੰਜਾਬੀ ਬੋਲਦਾ ਹੋਵੇ। ਤੁਸੀਂ ਦਸ ਡਾਲਰ ਦੇ ਕੇ ਕਿਸੇ ਵੀ ਵਕੀਲ ਨਾਲ ਅੱਧੇ ਘੰਟੇ ਦੀ ਮੁਲਾਕਾਤ ਲੈ ਸਕਦੇ ਹੋ। ਵੈਨਕੂਵਰ ਵਿਚ ਤੁਸੀਂ 687-3221 'ਤੇ ਫੋਨ ਕਰ ਸਕਦੇ ਹੋ ਅਤੇ ਬਾਕੀ ਬੀ ਸੀ ਵਿਚੋਂ 1-800-663-1919 (ਟੋਲ ਫਰੀ) 'ਤੇ ਫੋਨ ਕਰ ਸਕਦੇ ਹੋ।

ਇਹ ਪ੍ਰਕਾਸ਼ਨਾ ਕਾਨੂੰਨ ਬਾਰੇ ਆਮ ਗੱਲਾਂ ਦੀ ਵਿਆਖਿਆ ਕਰਨ ਲਈ ਹੈ। ਇਸਦਾ ਮਕਸਦ ਤੁਹਾਨੂੰ ਤੁਹਾਡੀ ਸਮੱਸਿਆ ਬਾਰੇ ਕਾਨੂੰਨੀ ਸਲਾਹ ਮਸ਼ਵਰਾ ਦੇਣ ਦਾ ਨਹੀਂ।

ਇਹ ਬਰੋਸ਼ਰ ਪਬਲਿਕ ਲੀਗਲ ਐਜੁਕੇਸ਼ਨ ਪ੍ਰੋਗਰਾਮ (Public Legal Education Program), ਲੀਗਲ ਸਰਵਿਸਜ਼ ਸੁਸਾਇਟੀ (Legal Services Society), ਬੀ ਸੀ ਵਲੋਂ ਤਿਆਰ ਕੀਤਾ ਗਿਆ ਹੈ।

ਇਸ ਸੀਰੀਜ਼ ਵਿਚ ਦੂਜੀਆਂ ਫੈਕਟ ਸ਼ੀਟਾਂ ਇਹ ਹਨ:

1. ਜੇ ਤੁਸੀਂ ਅਜਿਹੀ ਔਰਤ ਹੋ ਜਿਸਨੂੰ ਉਸਦੇ ਪਤੀ ਨੇ ਸਪਾਂਸਰ ਕੀਤਾ ਹੋਵੇ
2. ਕਾਨੂੰਨੀ ਕਾਰਵਾਈ ਕਰਨੀ (ਟੇਕਿੰਗ ਲੀਗਲ ਐਕਸ਼ਨ)
3. ਨਿਗਰਾਨੀ ਅਤੇ ਪਹੁੰਚ (ਕਸਟੱਡੀ ਅਤੇ ਐਕਸੱਸ)

ਮਾਰਚ 1998 March